# ਪੰਜਾਬ ਵਿੱਚ ਖੇਤੀ ਦੀ ਸਿੰਚਾਈ ਲਈ

## (3 ਅਤੇ 5 ਹਾਰਸ ਪਾਵਰ ਦੇ)

# ਸੋਲਰ ਪੰਪ ਲਗਾਉਣ

# ਸਬੰਧੀ ਜਾਣਕਾਰੀ ਅਤੇ ਬਿਨੈ-ਪੱਤਰ ਫਾਰਮ

## (ਸਾਲ 2018-19)

**ਪੰਜਾਬ ਊਰਜਾ ਵਿਕਾਸ ਏਜੰਸੀ**
ਪਲਾਟ ਨੰ 1-2, ਸੈਕਟਰ 33-ਡੀ, ਚੰਡੀਗੜ੍ਹ
ਫੋਨ ਨੰ **0172-2663328,2663382** ਫੈਕਸ **0172-2662865**
ਵੈਬਸਾਈਟ **:- www.peda.gov.in**

# ਵਿਸ਼ਾ ਸੂਚੀ


| ਲੜੀ ਨੰ: | ਵਿਸ਼ਾ | ਪੰਨਾ ਨੰ: |
|---|---|---|
| 1. | ਅਰਜੀਆਂ ਦੀ ਮੰਗ | 3 |
| 2. | ਸਕੀਮ ਦੀ ਜਾਣਕਾਰੀ | 4 |
| 3. | ਸੋਲਰ ਪੰਪ ਕੀ ਹੁੰਦਾ ਹੈ। | 5 |
| 4. | ਸੋਲਰ ਪੰਪ ਕਿਵੇਂ ਕੰਮ ਕਰਦਾ ਹੈ। | 5 |
| 5. | ਸੋਲਰ ਪੰਪ ਦੇ ਮੁੱਖ ਭਾਗ ਅਤੇ ਹੋਰ ਤਕਨੀਕੀ ਵੇਰਵਾ | 5 |
| 6. | ਸੋਲਰ ਪੰਪ ਦੇ ਫਾਇਦੇ ਤੇ ਖਾਮੀਆਂ | 5 |
| 7. | ਪਾਣੀ ਦੀ ਨਿਕਾਸੀ ਦਾ ਵੇਰਵਾ | 6 |
| 8. | ਕੀਮਤ ਅਤੇ ਕਿਸਾਨ ਦੇ ਹਿੱਸੇ ਦੀ ਰਕਮ ਦਾ ਵੇਰਵਾ | 6 |
| 9. | ਅਲਾਟਮੈਂਟ ਦੀ ਵਿਧੀ ਅਤੇ ਹੋਰ ਸ਼ਰਤਾਂ | 7-10 |

# ਵਾਅਦਿਆਂ ਦੀ ਪੂਰਤੀ ਵੱਲ ਇਕ ਹੋਰ ਕਦਮ.....

ਪੰਜਾਬ ਸਰਕਾਰ ਵਲੋਂ ਸੋਲਰ ਪੰਪਾਂ ਤੇ ਪਹਿਲੀ ਵਾਰ 80% ਸਬਸਿਡੀ

ਪੰਜਾਬ ਦੇ ਕਿਸਾਨਾਂ ਲਈ ਸੁਨਹਿਰੀ ਮੌਕਾ

**(Opening date 01.10.2018 Closing date 15.10.2018)**

ਪੰਜਾਬ ਦੇ ਚਾਹਵਾਨ ਕਿਸਾਨਾ ਤੋਂ ਖੇਤੀਬਾੜੀ ਅਤੇ ਬਾਗਬਾਨੀ ਖੇਤਰ ਵਿੱਚ ਸਿੰਚਾਈ ਵਾਸਤੇ 3 ਅਤੇ 5 ਹਾਰਸਪਾਵਰ ਦੇ ਸੋਲਰ ਪੰਪ ਲਗਾਉਣ ਲਈ ਅਰਜੀਆਂ ਦੀ ਮੰਗ ਕੀਤੀ ਜਾਂਦੀ ਹੈ। 2700 ਸੋਲਰ ਪੰਪ ਲਗਾਉਣ ਲਈ ਸਕੀਮ ਦਾ ਵੇਰਵਾ, ਨੀਯਮ ਤੇ ਸ਼ਰਤਾਂ ਅਤੇ ਬਿਨੈਪੱਤਰ ਫਾਰਮ ਬਰੋਸ਼ਰ ਵਿੱਚ ਦਿੱਤੇ ਗਏ ਹਨ ਜੋ ਕਿ www.peda.gov.in ਤੇ ਦੇਖੇ ਅਤੇ ਡਾਉਨਲੋਡ ਕੀਤੇ ਜਾ ਸਕਦੇ ਹਨ।

1. 2700 ਸੋਲਰ ਪੰਪ ਲਗਾਉਣ ਲਈ ਕੁੱਲ 3000 ਅਰਜੀਆਂ ਪ੍ਰਵਾਨ ਕੀਤੀਆਂ ਜਾਣਗੀਆਂ।
2. ਕਿਸਾਨਾਂ ਵਲੋਂ ਆਪਣੀਆਂ ਅਰਜੀਆਂ, ਬੈਂਕ ਡਰਾਫਟ ਅਤੇ ਲੋੜੀਂਦੇ ਦਸਤਾਵੇਜ਼ਾਂ ਸਮੇਤ ਪੇਡਾ ਦੇ ਮੁੱਖ ਦਫਤਰ ਚੰਡੀਗੜ ਵਿਖੇ ਮਿਤੀ 15.10.2018 ਨੂੰ 3 ਵਜੇ ਤੱਕ ਜਮਾਂ ਕਰਾਉਣੀਆਂ ਹੋਣਗੀਆਂ। ਅਗਰ 3000 ਅਰਜੀਆਂ ਇਸ ਤਰੀਕ ਤੋਂ ਪਹਿਲਾਂ ਪ੍ਰਾਪਤ ਹੋ ਜਾਂਦੀਆਂ ਹਨ ਤਾਂ ਸਕੀਮ ਉਸ ਵੇਲੇ ਹੀ ਬੰਦ ਹੋ ਜਾਵੇਗੀ ਅਤੇ ਉਸ ਤੋਂ ਬਾਅਦ ਕੋਈ ਵੀ ਅਰਜੀ ਨਹੀਂ ਲਈ ਜਾਵੇਗੀ ।
3. ਸੋਲਰ ਪੰਪਾਂ ਦੀ ਅਲਾਟਮੈਂਟ ਪਹਿਲਾਂ ਆਓ – ਪਹਿਲਾਂ ਪਾਓ ਦੇ ਅਧਾਰ ਤੇ ਕੀਤੀ ਜਾਵੇਗੀ ਪ੍ਰੰਤੂ ਮਾਈਕਰੋ ਇਰੀਗੇਸ਼ਨ ਵਾਲੇ ਕਿਸਾਨਾਂ, ਮੁੱਖ ਤੌਰ ਤੇ (ਪੋਲੀ ਹਾਉਸ / ਨੈਟ ਹਾਉਸ) ਨੂੰ ਪਹਿਲ ਦਿੱਤੀ ਜਾਵੇਗੀ । ਹਰੇਕ ਬਿਨੈਕਾਰ ਨੂੰ Seniority No. ਅਲਾਟ ਕੀਤਾ ਜਾਵੇਗਾ ਜਿਸ ਵਿੱਚ ਮਿਤੀ ਅਤੇ ਸਮਾਂ ਦਰਸਾਇਆ ਜਾਵੇਗਾ ।

**ਵੱਖ ਵੱਖ ਸੋਲਰ ਪੰਪਾਂ ਲਈ ਕਿਸਾਨਾਂ ਵਲੋਂ ਜਮ੍ਹਾਂ ਕਰਨਯੋਗ ਰਕਮ ਦਾ ਵੇਰਵਾ :**

| ਲੜੀ ਨੰ. | ਸੋਲਰ ਪੰਪ ਦੀ ਸਮਰਥਾ | ਕਿਸਾਨ ਦਾ ਹਿੱਸਾ (ਰੁਪਏ) | |
|---|---|---|---|
| | | **AC Pumps** | **DC Pumps** |
| 1. | 3 HP | 48,000 | 51,000 |
| 2. | 5 HP | 65,000 | 75,000 |

**ਪੰਜਾਬ ਊਰਜਾ ਵਿਕਾਸ ਏਜੰਸੀ**
**ਪਲਾਟ ਨੰ 1-2, ਸੈਕਟਰ 33-ਡੀ, ਚੰਡੀਗੜ੍ਹ**
**ਫੋਨ ਨੰ 0172-2663328,2663382 ਫੈਕਸ 0172-2662865**
**ਵੈਬਸਾਈਟ :- www.peda.gov.in**

# ਪੰਜਾਬ ਊਰਜਾ ਵਿਕਾਸ ਏਜੰਸੀ (ਪੇਡਾ)
# ਪਲਾਟ ਨੰ 1-2, ਸੈਕਟਰ 33-ਡੀ, ਚੰਡੀਗੜ

## 1. ਸਕੀਮ ਦੀ ਜਾਣਕਾਰੀ

ਪੰਜਾਬ ਊਰਜਾ ਵਿਕਾਸ ਏਜੰਸੀ ਨਵੇਂ ਅਤੇ ਨਵਿਅਉਣਯੋਗ ਊਰਜਾ ਸਾਧਨਾ ਨੂੰ ਲਾਗੂ ਕਰਨ ਲਈ ਪੰਜਾਬ ਸਰਕਾਰ ਦਾ ਨੋਡਲ ਅਦਾਰਾ ਹੈ। ਪੇਡਾ ਵਲੋਂ ਸੁਰੂ ਤੋਂ ਹੀ ਨਵਿਆਉਣਯੋਗ ਊਰਜਾ ਸਰੋਤਾਂ (ਸੂਰਜ, ਹਵਾ ਤੇ ਬਾਇਓਮਾਸ) ਤੋਂ ਊਰਜਾ ਪੈਦਾ ਕਰਨ ਲਈ ਉਪਰਾਲੇ ਕੀਤੇ ਜਾ ਰਹੇ ਹਨ ਅਤੇ ਪੰਜਾਬ ਦੀਆਂ ਊਰਜਾ ਜਰੂਰਤਾਂ ਨੂੰ ਪੂਰਾ ਕਰਨ ਲਈ ਸੋਲਰ ਪਾਵਰ ਪਲਾਂਟ, ਸੋਲਰ ਸਟੀਰਟ ਲਾਈਟਾਂ, ਸੋਲਰ ਵਾਟਰ ਹੀਟਿੰਗ ਸਿਸਟਮ, ਸੋਲਰ ਪੰਪ, ਬਾਇਓਮਾਸ ਪਾਵਰ ਪਲਾਂਟ, ਕੋਜਨਰੇਸ਼ਨ ਪਾਵਰ ਪਲਾਂਟ ਅਤੇ ਛੋਟੇ ਪਣ ਬਿਜਲੀ ਘਰ ਸਥਾਪਿਤ ਕੀਤੇ ਜਾ ਰਹੇ ਹਨ। ਹੁਣ ਤੱਕ ਪੰਜਾਬ ਵਿਚ 920 ਮੈਗਾਵਾਟ ਦੇ ਸੋਲਰ ਪਾਵਰ ਪਲਾਂਟ, 66.50 ਮੈਗਾਵਾਟ ਦੇ ਬਾਇਓਮਾਸ ਪਾਵਰ ਪਲਾਂਟ, 436 ਮੈਗਾਵਾਟ ਦੇ ਕੋਜਨਰੇਸ਼ਨ ਪਾਵਰ ਪਲਾਂਟ, 165 ਮੈਗਾਵਾਟ ਦੇ ਛੋਟੇ ਪਣ ਬਿਜਲੀ ਘਰ ਸਥਾਪਿਤ ਕੀਤੇ ਗਏ ਹਨ । ਇਨ੍ਹਾਂ ਤੋਂ ਇਲਾਵਾ 55000 ਸੋਲਰ ਸਟਰੀਟ ਲਾਈਟਾਂ, 38 ਲੱਖ ਲੀਟਰ ਸਮੱਰਥਾ ਦੇ ਸੋਲਰ ਵਾਟਰ ਹੀਟਿੰਗ ਸਿਸਟਮ ਅਤੇ 1955 ਸੋਲਰ ਪੰਪ ਲਗਾਏ ਗਏ ਹਨ।

ਭਾਰਤ ਸਰਕਾਰ ਦੇ ਨਵੇਂ ਅਤੇ ਨਵਿਆਉਣਯੋਗ ਊਰਜਾ ਮੰਤਰਾਲੇ ਵਲੋਂ ਖੇਤੀਬਾੜੀ ਸੈਕਟਰ ਵਿੱਚ ਸੋਲਰ ਊਰਜਾ ਦੀ ਵਰਤੋਂ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ ਅਤੇ ਸਾਲ 2020-21 ਤੱਕ ਪੂਰੇ ਦੇਸ਼ ਵਿੱਚ 10 ਲੱਖ ਸੋਲਰ ਪੰਪ ਲਗਾਉਣ ਦਾ ਟੀਚਾ ਮਿਥਿਆ ਹੈ। ਭਾਰਤ ਸਰਕਾਰ ਵਲੋਂ 1 ਹਾਰਸਪਾਵਰ ਦੇ ਸੋਲਰ ਪੰਪ ਤੇ 30%, 2 ਅਤੇ 3 ਹਾਰਸਪਾਵਰ ਤੇ 25% ਅਤੇ 5 ਹਾਰਸਪਾਵਰ ਤੇ 20% ਸਬਸਿਡੀ ਦਿੱਤੀ ਜਾ ਰਹੀ ਹੈ । ਵੱਖ ਵੱਖ ਸੂਬਿਆਂ ਵਲੋਂ ਇਸ ਸਕੀਮ ਨੂੰ ਲਾਗੂ ਕੀਤਾ ਜਾ ਰਿਹਾ ਹੈ ਅਤੇ ਦੇਸ਼ ਵਿੱਚ ਹੁਣ ਤੱਕ ਕੁੱਲ 1.50 ਲੱਖ ਸੋਲਰ ਪੰਪ ਲਗਾਏ ਜਾ ਚੁੱਕੇ ਹਨ।

ਪੰਜਾਬ ਸਰਕਾਰ ਨੇ ਸੋਲਰ ਪੰਪਿੰਗ ਸਕੀਮ ਨੂੰ ਵਡੇ ਪੱਧਰ ਤੇ ਲਾਗੂ ਕਰਨ ਦਾ ਫੈਸਲਾ ਕੀਤਾ ਹੈ ਜਿਸ ਤਹਿਤ ਖੇਤੀਬਾੜੀ, ਫੁਲਵਾੜੀ, ਬਾਗਬਾਨੀ ਅਤੇ ਫਿਸ਼ਫਾਰਮਿੰਗ ਖੇਤਰਾਂ ਵਿਚ ਸੋਲਰ ਪੰਪ ਲਗਾਉਣ ਤੇ 80% ਸਬਸਿਡੀ ਦਿਤੀ ਜਾਵੇਗੀ। ਮੌਜੂਦਾ ਸਾਲ 2018-19 ਦੋਰਾਨ ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਦੀ ਸਬਸਿਡੀ (CS:SS:Benf = 22:58:20) ਅਧੀਨ 3 ਅਤੇ 5 ਹਾਰਸਪਾਵਰ ਦੇ 2700 ਸੋਲਰ ਪੰਪ ਲਗਾਏ ਜਾਣਗੇ।

## 2. ਸੋਲਰ ਪੰਪ ਕੀ ਹੈ ?

ਸੂਰਜੀ ਊਰਜਾ ਨਾਲ ਚਲਣ ਵਾਲੇ ਪੰਪਿੰਗ ਸਿਸਟਮ ਨੂੰ ਸੋਲਰ ਪੰਪ ਕਿਹਾ ਜਾਂਦਾ ਹੈ। ਸੋਲਰ ਪੰਪ ਦਿਨ ਵੇਲੇ ਚਲਦਾ ਹੈ ਅਤੇ ਪੂਰੀ ਤਰ੍ਹਾਂ ਪ੍ਰਦੂਸ਼ਣ ਰਹਿਤ ਹੁੰਦਾ ਹੈ। ਡੀਜਲ ਪੰਪ ਦੇ ਮੁਕਾਬਲੇ ਇਸ ਦੀ ਮੁਰੰਮਤ ਬਹੁਤ ਘੱਟ ਹੁੰਦੀ ਹੈ। ਇਸ ਵਿੱਚ ਸੋਲਰ ਫੋਟੋਵੋਲਟੈਕ ਪੈਨਲ, ਸਬਮਰਸੀਬਲ ਮੋਟਰ ਪੰਪ ਸੈਟ, ਕੰਟਰੌਲ ਸਵਿੱਚ, ਇਨਵਰਟਰ/ਕੰਟਰੌਲਰ, ਤਾਰਾਂ ਅਤੇ ਜੀ.ਆਈ ਢਾਂਚਾ/ਸਟੈਂਡ ਹੁੰਦੇ ਹਨ। ਸੋਲਰ ਪੰਪ, ਛੋਟੇ ਅਤੇ ਦਰਮਿਆਨੇ ਕਿਸਾਨਾਂ, ਜਿਨ੍ਹਾਂ ਕੋਲ ਬਿਜਲੀ ਦੇ ਕਨੈਕਸ਼ਨ ਨਹੀਂ ਹਨ ਅਤੇ ਖੇਤੀ ਦੀ ਸਿੰਚਾਈ ਡੀਜਲ ਪੰਪਾਂ ਰਾਹੀ ਕਰਦੇ ਹਨ, ਲਈ ਬਹੁਤ ਲਾਭਕਾਰੀ ਹੈ।

## 3. ਸੋਲਰ ਪੰਪ ਕਿਵੇਂ ਕੰਮ ਕਰਦਾ ਹੈ ?

ਸੂਰਜ ਦੀ ਊਰਜਾ, ਕਿਰਨਾਂ ਦੇ ਰੂਪ ਵਿੱਚ ਸੋਲਰ ਪੈਨਲਾਂ ਤੇ ਪੈਂਦੀ ਹੈ ਅਤੇ ਬਿਜਲੀ ਵਿੱਚ ਤਬਦੀਲ ਹੋ ਕੇ ਤਾਰਾਂ ਦੁਆਰਾ ਇਨਵਰਟਰ/ਕੰਟਰੋਲਰ ਵਿਚੋਂ ਹੁੰਦੀ ਹੋਈ ਸੋਲਰ ਪੰਪ ਨੂੰ ਚਲਾ ਕੇ ਪਾਣੀ ਕੱਢਣ ਦਾ ਕੰਮ ਕਰਦੀ ਹੈ।

## 4. ਸੋਲਰ ਪੰਪ ਦੇ ਮੁੱਖ ਭਾਗ ਅਤੇ ਹੋਰ ਤਕਨੀਕੀ ਵੇਰਵਾ

ਸੋਲਰ ਫੋਟੋਵੋਲਟੈਕ ਪੈਨਲ, ਜਿਸਤੀ ਢਾਂਚਾ/ਸਟੈਂਡ, ਮੋਟਰ ਪੰਪ-ਸੈਟ ਅਤੇ ਇਨਵਰਟਰ/ਕੰਟਰੋਲਰ, ਸੋਲਰ ਵਾਟਰ ਪੰਪਿੰਗ ਸਿਸਟਮ ਦੇ ਮੁੱਖ ਭਾਗ ਹਨ। ਇਲੈਕਟ੍ਰਾਨਿਕ ਕੰਟਰੋਲਰ ਅਤੇ ਇਨਵਰਟਰ ਕ੍ਰਮਵਾਰ ਡੀ.ਸੀ ਅਤੇ ਏ.ਸੀ ਟਾਈਪ ਸੋਲਰ ਵਾਟਰ ਪੰਪਿੰਗ ਸਿਸਟਮਾਂ ਨੂੰ ਚਲਾਉਣ ਲਈ ਵਰਤੇ ਜਾਂਦੇ ਹਨ। ਸੋਲਰ ਪੈਨਲ ਫਿੱਟ ਕਰਨ ਲਈ ਜਿਸਤੀ ਢਾਂਚੇ ਦੀ ਵਰਤੋਂ ਕੀਤੀ ਜਾਂਦੀ ਹੈ ਜਿਸ ਨੂੰ ਉਪਰ-ਨੀਚੇ ਕਰਨ ਅਤੇ ਘੁਮਾਉਣ ਦੀ ਸਹੂਲਤ ਹੁੰਦੀ ਹੈ।

## 5. ਸੋਲਰ ਪੰਪ ਦੇ ਫਾਇਦੇ ਤੇ ਖਾਮੀਆਂ

- ਸੋਲਰ ਪੰਪ ਦਿਨ ਵੇਲੇ ਹੀ ਕੰਮ ਕਰਦਾ ਹੈ ਇਸ ਲਈ ਰਾਤ ਨੂੰ ਕੰਮ ਕਰਨ ਤੋਂ ਨਿਜਾਤ।
- ਇੰਧਣ ਦਾ ਕੋਈ ਖਰਚਾ ਨਹੀ, ਸਿਰਫ਼ ਸੂਰਜ ਦੀ ਰੌਸ਼ਨੀ ਨਾਲ ਚਲਦਾ ਹੈ।
- ਬਿਜਲੀ ਅਤੇ ਡੀਜ਼ਲ ਦੀ ਕੋਈ ਲੋੜ ਨਹੀਂ ।
- ਨਾ ਬਿਜਲੀ ਦੀ ਲੰਬੀ ਸਪਲਾਈ ਲਾਈਨ ਦੀ ਜਰੂਰਤ ਅਤੇ ਨਾ ਹੀ ਬਿਜਲੀ ਦੇ ਅਜਾਈਂ ਖਰਚ ਹੋਣ ਦੀ ਸਮੱਸਿਆ।
- ਚਲਾਉਣ ਵਿੱਚ ਅਸਾਨ ਅਤੇ ਵਧੇਰੇ ਮਿਆਦ।
- ਪੂਰੀ ਤਰ੍ਹਾਂ ਭਰੋਸੇਯੋਗ ਅਤੇ ਪ੍ਰਦੂਸ਼ਣ ਮੁਕਤ।
- ਸੋਲਰ ਪੰਪ, ਬੱਦਲਾਂ ਅਤੇ ਧੁੰਦ ਵਿੱਚ ਕੰਮ ਨਹੀ ਕਰਦਾ ।
- ਪਾਣੀ ਦੀ ਨਿਕਾਸੀ ਧੁੱਪ ਅਨੁਸਾਰ ਘੱਟ-ਵੱਧ ਹੁੰਦੀ ਰਹਿੰਦੀ ਹੈ।
- ਸੋਲਰ ਪੈਨਲਾਂ ਨੂੰ ਨਿਯਮਤ ਤੌਰ ਤੇ ਧੋਣਾ ਅਤੇ ਸਾਫ਼ ਕਰਨਾ ਪੈਂਦਾ ਹੈ।

6. ਪਾਣੀ ਦੀ ਨਿਕਾਸੀ ਦਾ ਵੇਰਵਾ :-

| ਲੜੀ ਨੰ. | ਪਾਣੀ ਦੀ ਡੂੰਘਾਈ | ਪੰਪਾਂ ਦੀ ਸਮਰੱਥਾ ਅਤੇ ਪਾਣੀ ਦੀ ਨਿਕਾਸੀ (Maximum) (ਪ੍ਰਤੀ ਦਿਨ ਲੱਖ ਲੀਟਰ) | | | |
|---|---|---|---|---|---|
| | | 3HP | | 5HP | |
| | | AC | DC | AC | DC |
| 1. | 10 | 2.70 | 3.00 | 4.32 | 4.80 |
| 2. | 20 | 1.35 | 1.65 | 2.16 | 2.64 |
| 3. | 30 | 0.96 | 1.05 | 1.53 | 1.68 |
| 4. | 40 | 0.57 | 0.63 | 0.91 | 1.00 |

ਦਰਸਾਈ ਗਈ ਪਾਣੀ ਦੀ ਨਿਕਾਸੀ, ਸਾਫ ਸੁਥਰੇ ਧੁੱਪ ਵਾਲੇ ਦਿਨ ਵਿੱਚ 7.15 ਕਿਲੋਵਾਟ ਪ੍ਰਤੀ ਵਰਗ ਮੀਟਰ ਦੀ ਸੂਰਜੀ ਊਰਜਾ ਸੋਲਰ ਪੈਨਲਾਂ ਤੇ ਪੈਣ ਅਤੇ ਦਿਨ ਵਿਚ ਤਿੰਨ ਵਾਰੀ ਸੋਲਰ ਪੈਨਲਾਂ ਦੀ ਦਿਸ਼ਾ ਬਦਲਣ ਤੇ ਅਧਾਰਿਤ ਹੈ।

**ਨੋਟ :- ਸੋਲਰ ਪੰਪ 50 ਮੀਟਰ ਦੀ ਡੂੰਘਾਈ ਤੱਕ ਦੇ ਪਾਣੀ ਲਈ ਢੁਕਵੇਂ ਹਨ ਅਤੇ 50 ਮੀਟਰ ਤੋਂ ਜਿਆਦਾ ਡੂੰਘਾਈ ਤੋਂ ਲੋੜੀਂਦੇ ਪਾਣੀ ਦੀ ਨਿਕਾਸੀ ਨਾ ਹੋਣ ਕਾਰਨ ਨਹੀਂ ਲਗਾਏ ਜਾਣਗੇ ।**

7. ਕੀਮਤ ਅਤੇ ਕਿਸਾਨਾਂ ਦੇ ਹਿੱਸੇ ਦੀ ਰਕਮ ਦਾ ਵੇਰਵਾ :

**AC Submersible Pumps**

| ਲੜੀ ਨੰ. | ਸੋਲਰ ਪੰਪ ਦੀ ਸਮਰੱਥਾ | ਕੀਮਤ (ਰੁਪਏ) | ਕਿਸਾਨ ਦਾ ਹਿੱਸਾ (ਰੁਪਏ) |
|---|---|---|---|
| 1. | 3 HP with 3000 watt solar Panels | 2,40,000 | 48,000 |
| 2. | 5 HP with 4800 watt solar Panels | 3,25,000 | 65,000 |

**DC Submersible Pumps**

| ਲੜੀ ਨੰ. | ਸੋਲਰ ਪੰਪ ਦੀ ਸਮਰੱਥਾ | ਕੀਮਤ (ਰੁਪਏ) | ਕਿਸਾਨ ਦਾ ਹਿੱਸਾ (ਰੁਪਏ) |
|---|---|---|---|
| 1. | 3 HP with 3000 watt solar Panels | 2,55,000 | 51,000 |
| 2. | 5 HP with 4800 watt solar Panels | 3,72,326 | 75,000 |

## 8. ਅਲਾਟਮੈਂਟ ਦੀ ਵਿੱਧੀ ਅਤੇ ਹੋਰ ਸ਼ਰਤਾਂ

**ੳ)** ਵਿੱਤੀ ਸਾਲ 2017-18 ਦੌਰਾਨ ਪੰਜਾਬ ਵਿੱਚ 3 ਅਤੇ 5 ਹਾਰਸਪਾਵਰ ਦੇ ਤਕਰੀਬਨ 2700 ਸੋਲਰ ਪੰਪ ਲਗਾਏ ਜਾਣੇ ਹਨ ਜਿਨ੍ਹਾਂ ਦੀ ਗਿਣਤੀ ਵੱਖ ਵੱਖ ਸਮਰੱਥਾ ਦੇ ਪੰਪਾਂ ਦੀ ਮੰਗ ਅਨੁਸਾਰ ਘੱਟ-ਵੱਧ ਹੋ ਸਕਦੀ ਹੈ। 32% ਪੰਪ ਅਨੁਸੂਚਿਤ ਜਾਤੀ ਦੇ ਕਿਸਾਨਾਂ ਲਈ ਰਾਖਵੇ ਹਨ। ਅਨੁਸੂਚਿਤ ਜਾਤੀ ਦੇ ਪੂਰੇ ਕਿਸਾਨ ਉਪਲਬਧ ਨਾ ਹੋਣ ਦੀ ਸੂਰਤ ਵਿੱਚ ਬਾਕੀ ਰਹਿੰਦੇ ਪੰਪ ਜਨਰਲ ਸ਼੍ਰੇਣੀ ਦੇ ਕਿਸਾਨਾਂ ਨੂੰ ਅਲਾਟ ਕਰ ਦਿੱਤੇ ਜਾਣਗੇ । 2700 ਸੋਲਰ ਪੰਪਾਂ ਵਾਸਤੇ ਕੁਲ 3000 ਅਰਜੀਆਂ ਲਈਆਂ ਜਾਣਗੀਆਂ ।

**ਅ)** ਘੱਟੋ ਘੱਟ ਲੋੜੀਂਦੀ ਜਮੀਨ, ਛਾਂ ਰਹਿਤ ਏਰੀਆ ਅਤੇ ਬੋਰ ਦੇ ਸਾਈਜ ਦਾ ਵੇਰਵਾ:-

| ਲੜੀ ਨੰ. | ਪੰਪ ਦੀ ਸਮਰਥਾ | ਸਿੰਚਾਈ ਲਈ ਘੱਟੋ ਘੱਟ ਲੋੜੀਂਦੀ ਜਮੀਨ ( ਏਕੜਾਂ ਵਿੱਚ) | ਪੰਪ ਲਗਾਉਣ ਲਈ ਛਾਂ ਰਹਿਤ ਏਰੀਆ (sft.) | ਬੋਰ ਦਾ ਸਾਈਜ (inches) |
|---|---|---|---|---|
| 1. | 3 HP | 2 | 330 | 4-6 |
| 2. | 5 HP | 3 | 550 | 6-8 |

ੲ) ਬਿਨੈਕਾਰ, ਅਲਾਟਮੈਂਟ ਦੀ ਵਿਧੀ ਅਤੇ ਸ਼ਰਤਾਂ ਨੂੰ ਧਿਆਨ ਨਾਲ ਪੜਕੇ ਹੀ ਅਰਜੀਆਂ ਦੇਣ ।

ਸ) ਇਹ ਸਕੀਮ ਉਹਨਾਂ ਕਿਸਾਨਾਂ/ ਕਿਸਾਨ ਸਮੂਹਾਂ / ਗ੍ਰਾਮ ਪੰਚਾਇਤਾਂ ਲਈ ਹੈ ਜਿਨ੍ਹਾਂ ਦੇ ਨਾਮ ਤੇ ਮਾਲ ਰਿਕਾਰਡ ਵਿੱਚ ਜਮੀਨ ਹੈ ਅਤੇ ਉਸ ਜਮੀਨ ਵਿੱਚ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਵਲੋਂ ਮੋਟਰ ਚਲਾਉਣ ਲਈ ਬਿਜਲੀ ਦਾ ਕੁਨੈਕਸ਼ਨ ਨਹੀ ਦਿੱਤਾ ਹੋਇਆ। ਇੱਕ ਕਿਸਾਨ ਨੂੰ ਸਿਰਫ਼ ਇੱਕ ਸੋਲਰ ਪੰਪ ਹੀ ਅਲਾਟ ਕੀਤਾ ਜਾਵੇਗਾ। ਇਸ ਲਈ ਹਰੇਕ ਕਿਸਾਨ ਨੂੰ ਲੋੜੀਂਦੀ ਸਮਰੱਥਾ ਦੇ ਪੰਪ ਲਈ ਹੀ ਅਪਲਾਈ ਕਰਨਾ ਹੋਵੇਗਾ ਅਤੇ ਬਿਨੈਪੱਤਰ ਵਿੱਚ ਪੰਪ ਦੀ ਸਮਰੱਥਾ ਤੇ ਕਿਸਮ (ਏ ਸੀ ਜਾਂ ਡੀ ਸੀ) ਦਾ ਵਰਨਣ ਕਰਨਾ ਹੋਵੇਗਾ। ਕਿਸਾਨ ਵੱਲੋਂ ਆਪਣੀ ਜ਼ਮੀਨ ਦੀ ਮਾਲਕੀ ਦੇ ਸਬੂਤ ਵਜੋਂ ਜਮ੍ਹਾਂਬੰਦੀ/ਫਰਦ ਅਤੇ ਖੁਦ ਤਸਦੀਕ ਕੀਤਾ ਗਿਆ ਸਰਟੀਫਿਕੇਟ ਜਿਸ ਵਿੱਚ ਲਿਖਿਆ ਹੋਵੇ ਕਿ ਕਿਸਾਨ ਕੋਲ________ਏਕੜ ਜਮੀਨ ਹੈ ਅਤੇ ਸਿੰਚਾਈ ਲਈ ਇਸ ਜ਼ਮੀਨ ਵਿੱਚ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਵਲੋਂ ਬਿਜਲੀ ਦਾ ਕੁਨੈਕਸ਼ਨ ਨਹੀਂ ਦਿੱਤਾ ਗਿਆ, ਪੇਸ਼ ਕਰਨਾ ਹੋਵੇਗਾ।

ਹ) ਜਿਨ੍ਹਾਂ ਕਿਸਾਨਾਂ ਦੀ ਜਮੀਨ ਸਾਝੀਂ ਹੈ ਅਤੇ ਇਕ ਕਿਸਾਨ ਦੀ ਜਮੀਨ ਸੋਲਰ ਪੰਪ ਦੀ ਸਮਰਥਾ ਅਨੁਸਾਰ ਪੂਰੀ ਨਹੀਂ ਹੁੰਦੀ ਤਾਂ ਉਹ ਸਾਰੇ ਇਸ ਸਕੀਮ ਅਧੀਨ ਅਪਲਾਈ ਕਰ ਸਕਦੇ ਹਨ।

ਕ) ਹਰੇਕ ਕਿਸਾਨ ਨੂੰ ਆਪਣੇ ਅਧਾਰ ਕਾਰਡ ਦੀ ਖੁਦ ਤਸਦੀਕ ਕੀਤੀ ਹੋਈ ਇੱਕ ਕਾਪੀ ਬਿਨੈ-ਪੱਤਰ ਨਾਲ ਨੱਥੀ ਕਰਨੀ ਹੋਵੇਗੀ।

ਖ) ਅਨੁਸੂਚਿਤ ਜਾਤੀ ਦੇ ਕਿਸਾਨਾਂ ਨੂੰ ਅਨੁਸੂਚਿਤ ਜਾਤੀ ਦੇ ਸਰਟੀਫਿਕੇਟ ਦੀ ਕਾਪੀ ਵੀ ਬਿਨੈ-ਪੱਤਰ ਨਾਲ ਲਗਾਉਣੀ ਹੋਵੇਗੀ।

ਗ) ਕਿਸਾਨਾਂ ਵਲੋਂ ਸੋਲਰ ਪੰਪ ਦੀ ਕੀਮਤ ਦਾ 20% ਹਿੱਸਾ ਬੈਂਕ ਡਰਾਫਟ ਦੇ ਰੂਪ ਵਿੱਚ ਜਮਾਂ ਕਰਵਾਉਣਾ ਹੋਵੇਗਾ । ਬੈਂਕ ਡਰਾਫਟ Punjab Energy Development Agency ਦੇ ਨਾਮ ਤੇ ਚੰਡੀਗੜ ਵਿਖੇ ਭੁਗਤਾਨਯੋਗ ਹੋਣਾ ਚਾਹੀਦਾ ਹੈ।

ਘ) ਸੋਲਰ ਪੰਪਾਂ ਦੀ ਅਲਾਟਮੈਂਟ ਪਹਿਲਾਂ ਆਓ - ਪਹਿਲਾਂ ਪਾਓ ਦੇ ਅਧਾਰ ਤੇ ਕੀਤੀ ਜਾਵੇਗੀ ਪ੍ਰੰਤੂ ਮਾਈਕਰੋ ਇਰੀਗੇਸ਼ਨ ਵਾਲੇ ਕਿਸਾਨਾਂ (ਮੁੱਖ ਤੌਰ ਤੇ ਪੋਲੀ ਹਾਊਸ / ਨੈਟ ਹਾਊਸ) ਨੂੰ ਪਹਿਲ ਦਿੱਤੀ ਜਾਵੇਗੀ । ਹਰੇਕ ਬਿਨੈਕਾਰ ਨੂੰ Seniority No. ਅਲਾਟ ਕੀਤਾ ਜਾਵੇਗਾ ਜਿਸ ਵਿੱਚ ਮਿਤੀ ਅਤੇ ਸਮਾਂ ਦਰਸਾਇਆ ਜਾਵੇਗਾ । ਸਕੀਮ ਬੰਦ ਹੋਣ ਉਪਰੰਤ ਮਾਈਕਰੋ ਇਰੀਗੇਸ਼ਨ ਵਾਲੇ (ਜਨਰਲ ਅਤੇ ਅਨੁਸੂਚਿਤ ਜਾਤੀ) ਦੇ ਕਿਸਾਨਾਂ ਦੀ ਇਕ ਅੱਲਗ ਲਿਸਟ ਬਣਾਈ ਜਾਵੇਗੀ ਜਿਸ ਨੂੰ ਪਹਿਲ ਦਿਤੀ ਜਾਵੇਗੀ । ਪਹਿਲਾਂ ਮਾਈਕਰੋ ਇਰੀਗੇਸ਼ਨ ਵਾਲੇ ਕਿਸਾਨਾ ਨੂੰ ਅਲਾਟਮੈਂਟ ਕੀਤੀ ਜਾਵੇਗੀ ਅਤੇ ਉਸ ਤੋਂ ਬਾਅਦ ਬਾਕੀ ਕਿਸਾਨਾਂ ਨੂੰ ਪਹਿਲਾਂ ਆਓ - ਪਹਿਲਾਂ ਪਾਓ ਦੇ ਅਧਾਰ ਤੇ ਅਲਾਟਮੈਂਟ ਹੋਵੇਗੀ । ਅਨੁਸੂਚਿਤ ਜਾਤੀ ਦੇ ਕਿਸਾਨਾਂ ਲਈ 32% ਪੰਪ ਰਾਖਵੇਂ ਹਨ। ਅਗਰ ਇਸ ਕੈਟਾਗਰੀ ਵਿੱਚ ਘੱਟ ਬਿਨੈਪੱਤਰ ਪ੍ਰਾਪਤ ਹੁੰਦੇ ਹਨ ਤਾਂ ਉਨ੍ਹਾਂ ਨੂੰ ਅਲਾਟਮੈਂਟ ਕਰਨ ਉਪਰੰਤ ਬਾਕੀ ਬਚਦੇ ਪੰਪ ਜਨਰਲ ਸ੍ਰੇਣੀ ਦੇ ਕਿਸਾਨਾਂ ਨੂੰ ਅਲਾਟ ਕਰ ਦਿਤੇ ਜਾਣਗੇ । ਮਿਥੇ ਗਏ ਪੰਪ ਅਲਾਟ ਕਰਨ ਉਪਰੰਤ ਬਾਕੀ ਬਚਦੇ ਬਿਨੈਪੱਤਰਾਂ ਨੂੰ Waiting List ਵਿੱਚ ਰੱਖਿਆ ਜਾਵੇਗਾ ਅਤੇ ਉਨਾਂ ਨੂੰ ਅਲਾਟਮੈਂਟ Seniority ਅਨੁਸਾਰ ਤੱਦ ਹੀ ਹੋਵੇਗੀ ਅਗਰ ਕੋਈ selected applicant ਆਪਣੀ ਅਰਜੀ ਵਾਪਿਸ ਲੈਂਦਾ ਹੈ ਜਾਂ ਕੋਈ ਅਰਜੀ ਪੇਡਾ ਵਲੋਂ ਰੱਦ ਕਰ ਦਿਤੀ ਜਾਂਦੀ ਹੈ। ਜ਼ੋ ਬਿਨੈਕਾਰ ਆਪਣਾ ਬਿਨੈਪੱਤਰ ਵਾਪਿਸ ਲੈਂਦਾ ਹੈ ਤਾਂ ਉਸ ਦੀ Seniority ਸਮਾਪਤ ਹੋ ਜਾਵੇਗੀ ਅਤੇ ਉਸਦਾ ਸੋਲਰ ਪੰਪ ਤੇ ਕੋਈ ਅਧਿਕਾਰ ਨਹੀ ਰਹੇਗਾ ।

ਙ) ਕਿਸਾਨਾਂ ਵਲੋਂ ਆਪਣੀਆਂ ਅਰਜੀਆਂ ਦਿੱਤੇ ਹੋਏ ਪ੍ਰੋਫਾਰਮੇ ਵਿੱਚ ਚੰਗੀ ਤਰਾਂ ਭਰ ਕੇ ਪੇਡਾ ਦੇ ਮੁੱਖ ਦਫਤਰ ਚੰਡੀਗੜ ਵਿਖੇ ਮਿਤੀ 15.10.2018 ਨੂੰ ਸ਼ਾਮ 3 ਵਜੇ ਤੱਕ ਜਮਾਂ ਕਰਾਉਣੀਆਂ ਹੋਣਗੀਆਂ। ਅਗਰ 3000 ਅਰਜੀਆਂ ਇਸ ਤਰੀਕ ਤੋਂ ਪਹਿਲਾਂ ਪ੍ਰਾਪਤ ਹੋ ਜਾਂਦੀਆਂ ਹਨ ਤਾਂ ਸਕੀਮ ਉਸ ਵੇਲੇ ਹੀ ਬੰਦ ਹੋ ਜਾਵੇਗੀ ਅਤੇ ਉਸ ਤੋਂ ਬਾਅਦ ਕੋਈ ਵੀ ਅਰਜੀ ਨਹੀਂ ਲਈ ਜਾਵੇਗੀ । ਅਗਰ ਸਾਰੀਆਂ ਅਰਜੀਆਂ ਦਿੱਤੀ ਹੋਈ ਤਰੀਕ ਤੱਕ ਨਹੀ ਆਉਦੀਆਂ ਤਾਂ ਅਰਜੀਆਂ ਲੈਣ ਦੀ ਮਿਤੀ ਵਿੱਚ ਵਾਧਾ ਕੀਤਾ ਜਾ ਸਕਦਾ ਹੈ । ਬਿਨੈਪੱਤਰ ਵਾਲੇ ਲਿਫਾਫੇ ਉੱਪਰ Application for Solar Pump ਲਿਖਿਆ ਜਾਵੇ।

ਚ) ਜੋ ਕਿਸਾਨ ਮਾਈਕਰੋ ਇਰੀਗੇਸ਼ਨ ਅਧੀਨ ਅਪਲਾਈ ਕਰਦੇ ਹਨ ਉਨ੍ਹਾਂ ਨੂੰ ਆਪਣੀ ਅਰਜੀ ਮੁੱਖ ਖੇਤੀਬਾੜੀ ਅਫਸਰ ਤੋਂ ਤਸਦੀਕ ਕਰਵਾਉਣੀ ਹੋਵੇਗੀ ਜਿਸ ਵਿੱਚ ਲਿਖਿਆ ਹੋਵੇ ਕਿ ਕਿਸਾਨ ਦੀ ਜਮੀਨ ਵਿਚ ਡਰਿਪ ਇਰੀਗੇਸ਼ਨ ਜਾਂ ਫੁਹਾਰਾ ਸਿਸਟਮ ਲੱਗਿਆ ਹੋਇਆ ਹੈ।

ਖ) ਕਿਸਾਨਾਂ ਨੂੰ ਸੋਲਰ ਪੰਪਾਂ ਦੀ ਅਲਾਟਮੈਂਟ, ਭਾਰਤ ਸਰਕਾਰ ਅਤੇ ਰਾਜ ਸਰਕਾਰ ਵਲੋਂ ਦਿੱਤੀ ਜਾਣ ਵਾਲੀ ਸਬਸਿਡੀ ਦੀ ਉਪਲਬਧਤਾ ਦੇ ਅਧਾਰ ਤੇ ਹੀ ਕੀਤੀ ਜਾਵੇਗੀ। ਲੋੜੀਂਦੇ ਫੰਡ ਉਪਲਬਧ ਨਾ ਹੋਣ / ਸਰਕਾਰ ਵਲੋਂ ਸਕੀਮ ਨੂੰ ਰੱਦ ਕਰਨ / ਅਰਜੀ ਰੱਦ ਹੋਣ ਕਾਰਣ ਜਾਂ ਕਿਸੇ ਹੋਰ ਕਾਰਣ ਕਰਕੇ ਬਿਨੈਕਾਰ ਨੂੰ ਸੋਲਰ ਵਾਟਰ ਪੰਪ ਦੀ ਅਲਾਟਮੈਂਟ ਨਹੀਂ ਹੁੰਦੀ ਤਾਂ ਬਿਨੈਕਾਰ ਸੋਲਰ ਪੰਪ ਦੀ ਅਲਾਟਮੈਂਟ ਲਈ ਦਾਅਵਾ ਨਹੀਂ ਕਰ ਸਕੇਗਾ।

ਜ) ਕਿਸਾਨਾਂ ਵਲੋਂ ਕੰਮਪਲੀਟ ਬੋਰਵੈਲ ਅਤੇ ਪੱਧਰੀ ਜਮੀਨ ਕੰਪਨੀ ਨੂੰ ਸੋਲਰ ਪੰਪ ਲਗਾਉਣ ਲਈ ਦੇਣੀ ਹੋਵੇਗੀ ਅਤੇ ਜੇਕਰ ਕਿਸਾਨ ਪੇਡਾ ਦੇ ਜਿਲ੍ਹਾ ਮੈਨੇਜਰ ਅਤੇ ਕੰਪਨੀ ਦੇ ਕਰਮਚਾਰੀ ਵਲੋਂ ਸਾਈਟ ਦੇ ਨਰੀਖਣ ਤੋਂ 15 ਦਿਨਾਂ ਅੰਦਰ ਬੋਰ ਅਤੇ ਪਧੱਰੀ ਜਮੀਨ ਦੇਣ ਵਿਚ ਅਸਫਲ ਰਹਿੰਦਾ ਹੈ ਤਾਂ ਉਸ ਕਿਸਾਨ ਦਾ ਸੋਲਰ ਪੰਪ ਰੱਦ ਕਰ ਦਿੱਤਾ ਜਾਵੇਗਾ । ਕਿਸਾਨ ਦਾ ਇਸ ਪੰਪ ਤੇ ਕੋਈ ਅਧਿਕਾਰ ਨਹੀ ਰਹੇਗਾ ਅਤੇ ਇਹ ਪੰਪ ਅਗਲੇ ਬਿਨੈਕਾਰ ਨੂੰ ਸੀਨੀਅਰਤਾ ਅਨੁਸਾਰ ਅਲਾਟ ਕਰ ਦਿੱਤਾ ਜਾਵੇਗਾ।

ਝ) ਕਿਸੇ ਵੀ ਤਕਨੀਕੀ ਕਾਰਨ ਜਾਂ ਕੋਈ ਹੋਰ ਖਾਮੀ ਜਿਵੇਂ ਕਿ ਲੋੜੀਂਦੀ ਜਮੀਨ ਦਾ ਨਾ ਹੋਣਾ, ਸੋਲਰ ਪੰਪ ਲਗਾਉਣ ਲਈ ਬੋਰ ਅਤੇ ਪੱਧਰੀ ਜਮੀਨ ਨਾ ਹੋਣਾ, ਪਾਣੀ ਦੀ ਡੂੰਗਾਈ ਜਿਆਦਾ ਹੋਣਾ ਅਤੇ ਝਗੜੇ ਵਾਲੀ ਜਮੀਨ ਹੋਣ ਦੀ ਸੂਰਤ ਵਿੱਚ ਪੇਡਾ ਵਲੋਂ ਬਿਨੈ-ਪੱਤਰ ਰੱਦ ਕਰ ਦਿੱਤਾ ਜਾਵੇਗਾ।

ਞ) ਜਿਨ੍ਹਾਂ ਕਿਸਾਨਾਂ ਨੂੰ ਸੋਲਰ ਪੰਪ ਅਲਾਟ ਨਹੀਂ ਹੁੰਦੇ ਉਨ੍ਹਾਂ ਵਲੋਂ ਜਮਾ ਕਰਵਾਈ ਗਈ ਰਕਮ ਸਫਲ ਕਿਸਾਨਾਂ ਦੀ ਅਲਾਟਮੈਂਟ ਤੋਂ 2 ਮਹੀਨੇ ਬਾਅਦ ਵਾਪਿਸ ਕੀਤੀ ਜਾਵੇਗੀ ।

ਟ) ਅਗਰ ਕਿਸੇ ਕਿਸਾਨ ਵਲੋਂ ਪੰਪ ਅਲਾਟ ਹੋਣ ਤੋਂ ਬਾਅਦ ਜਮ੍ਹਾਂ ਕਰਾਈ ਰਕਮ ਵਾਪਿਸ ਮੰਗੀ ਜਾਂਦੀ ਹੈ ਤਾਂ 10% ਰਕਮ ਕੱਟ ਕੇ ਬਾਕੀ ਰਕਮ ਵਾਪਿਸ ਕੀਤੀ ਜਾਵੇਗੀ। ਪੇਡਾ ਵਲੋਂ ਸੋਲਰ ਪੰਪ ਰੱਦ ਕਰਨ ਤੇ ਇਹ ਸ਼ਰਤ ਲਾਗੂ ਨਹੀਂ ਹੋਵੇਗੀ।

ਠ) ਸੋਲਰ ਪੰਪ ਦੀ ਅਲਾਟਮੈਂਟ ਹੋਣ ਤੋ ਬਾਅਦ ਅਤੇ ਸੋਲਰ ਪੰਪ ਸਥਾਪਿਤ ਕਰਨ ਤੋਂ ਪਹਿਲਾਂ ਅਗਰ ਕਿਸਾਨ ਵਲੋਂ ਦਿਤੀ ਗਈ ਜਾਣਕਾਰੀ ਗਲਤ ਪਾਈ ਜਾਂਦੀ ਹੈ ਤਾਂ ਪੇਡਾ ਵਲੋਂ ਅਰਜੀ ਰੱਦ ਕਰ ਦਿਤੀ ਜਾਵੇਗੀ ਅਤੇ ਕਿਸਾਨ ਵਲੋਂ ਜਮ੍ਹਾਂ ਕਰਵਾਈ ਗਈ ਰਕਮ ਵਿੱਚੋਂ 10% ਕੱਟ ਕੇ ਬਾਕੀ ਬਚਦੀ ਰਕਮ ਵਾਪਿਸ ਕਰ ਦਿਤੀ ਜਾਵੇਗੀ।

ਡ) ਅਗਰ ਸੋਲਰ ਪੰਪ ਲਗਾਉਣ ਤੋਂ ਬਾਅਦ ਕਿਸਾਨ ਵਲੋਂ ਦਿੱਤੀ ਗਈ ਕੋਈ ਜਾਣਕਾਰੀ ਗਲਤ ਪਾਈ ਜਾਂਦੀ ਹੈ ਤਾਂ ਕਿਸਾਨ ਸਬਸਿਡੀ ਦੀ ਪੂਰੀ ਰਕਮ ਪੇਡਾ ਨੂੰ ਵਾਪਿਸ ਕਰਨ ਦਾ ਪਾਬੰਦ ਹੋਵੇਗਾ ।

ਢ) ਸੋਲਰ ਪੰਪ ਦੀ ਮੁਰੰਮਤ ਦਾ ਕੰਮ ਪੰਜ ਸਾਲਾਂ ਲਈ ਕੰਪਨੀ ਕੋਲ ਹੋਵੇਗਾ ਪ੍ਰੰਤੂ ਸੋਲਰ ਪੰਪ ਨੂੰ ਚਲਾਉਣ, ਸਾਫ ਰੱਖਣ, ਸਾਂਭ ਸੰਭਾਲ, ਬੀਮੇ ਅਤੇ ਸੁਰੱਖਿਆ ਦੀ ਜਿੰਮੇਵਾਰੀ ਕਿਸਾਨ ਦੀ ਹੋਵੇਗੀ ।

ਣ) ਸੋਲਰ ਪੰਪ ਸਥਾਪਿਤ ਹੋਣ ਉਪਰੰਤ, ਕਿਸਾਨ ਵਲੋਂ ਕਿਸੇ ਵੀ ਬੀਮਾ ਕੰਪਨੀ ਤੋਂ ਸੋਲਰ ਪੰਪ ਦਾ ਬੀਮਾ ਕਰਵਾਉਣਾ ਹੋਵੇਗਾ। ਸੋਲਰ ਪੰਪ ਚੋਰੀ ਹੋਣ ਜਾਂ ਕੋਈ ਵੀ ਟੁੱਟ-ਭੱਜ ਹੋਣ ਲਈ ਪੇਡਾ ਜਿੰਮੇਵਾਰ ਨਹੀਂ ਹੋਵੇਗੀ।

ਤ) ਕਿਸਾਨ ਵਲੋਂ ਸਿਸਟਮ ਵਿੱਚ ਕੀਤੀ ਗਈ ਕਿਸੇ ਤਬਦੀਲੀ ਅਤੇ ਕੁਵਰਤੋਂ ਕਾਰਨ ਸਿਸਟਮ ਨਾ ਚੱਲਣ ਤੇ ਪੇਡਾ ਜਿੰਮੇਵਾਰ ਨਹੀਂ ਹੋਵੇਗੀ।

ਥ) ਸੋਲਰ ਪੰਪ ਖਰਾਬ ਹੋਣ ਦੀ ਸੂਰਤ ਵਿੱਚ ਕਿਸਾਨ ਵਲੋਂ ਕੰਪਨੀ ਨਾਲ ਫੋਨ, ਈ-ਮੇਲ ਜਾਂ ਡਾਕ ਰਾਹੀਂ ਸਿੱਧਾ ਸੰਪਰਕ ਕਰਨਾ ਹੋਵੇਗਾ ਜਿਸ ਦੀ ਇਕ ਕਾਪੀ ਪੇਡਾ ਨੂੰ ਭੇਜਣੀ ਹੋਵੇਗੀ ।

ਦ) ਕਿਸਾਨ, ਪੇਡਾ ਦੀ ਮੰਨਜੂਰੀ ਤੋਂ ਬਿਨਾਂ ਸੋਲਰ ਪੰਪ ਨੂੰ ਨਾ ਕਿਸੇ ਨੂੰ ਵੇਚ ਸਕੇਗਾ, ਨਾ ਹੀ ਕਿਸੇ ਦੇ ਨਾਮ ਤੇ ਤਬਦੀਲ ਕਰ ਸਕੇਗਾ ਅਤੇ ਨਾ ਹੀ ਕਿਸੇ ਹੋਰ ਥਾਂ ਤੇ ਸਿਫਟ ਕਰ ਸਕੇਗਾ। ਅਗਰ ਕਿਸਾਨ ਅਜਿਹਾ ਕਰਦਾ ਹੈ ਤਾਂ ਉਹ ਸੋਲਰ ਪੰਪ ਦੀ ਪੂਰੀ ਕੀਮਤ ਪੇਡਾ ਨੂੰ ਜਮਾਂ ਕਰਾਉਣ ਲਈ ਪਾਬੰਧ ਹੋਵੇਗਾ ।

ਧ) ਪੰਜਾਬ ਊਰਜਾ ਵਿਕਾਸ ਏਜੰਸੀ ਨੂੰ ਆਪਣੇ / ਸਰਕਾਰ / ਲੋਕ ਹਿੱਤ ਵਿੱਚ ਕਿਸੇ ਵੀ ਸਮੇਂ ਸਰਕਾਰ ਦੀ ਪਾਲਿਸੀ ਵਿੱਚ ਤਬਦੀਲੀ ਹੋਣ ਤੇ ਜਾਂ ਕਿਸੇ ਹੋਰ ਕਾਰਣ ਕਰਕੇ ਸਕੀਮ ਵਾਪਿਸ ਲੈਣ / ਸੋਧ ਕਰਨ / ਰੱਦ ਕਰਨ ਦਾ ਪੂਰਾ ਅਧਿਕਾਰ ਹੋਵੇਗਾ ਅਤੇ ਕਿਸੇ ਤਰ੍ਹਾਂ ਦੀ ਦੇਣਦਾਰੀ ਦੇਣ ਦੀ ਜੁੰਮੇਵਾਰੀ ਨਹੀ ਹੋਵੇਗੀ ।

ਨ) ਸਕੀਮ ਲਾਗੂ ਕਰਨ ਦੋਰਾਨ ਅਗਰ ਸੋਲਰ ਪੰਪਾਂ ਸਬੰਧੀ ਕੋਈ ਝਗੜਾ ਉਤਪਨ ਹੁੰਦਾ ਹੈ ਤਾਂ ਉਹ ਚੰਡੀਗੜ ਵਿਖੇ ਸਥਿੱਤ ਅਦਾਲਤਾਂ ਦੇ ਦਾਇਰੇ ਵਿੱਚ ਹੋਵੇਗਾ।